# ਅਪ੍ਰੈਂਟਿਸਸ਼ਿਪ ਲਈ ਮਾਤਾ-ਪਿਤਾ ਦੀ ਗਾਈਡ।

Apprenticeships

**ਇੱਕ ਮਾਤਾ-ਪਿਤਾ ਵਜੋਂ ਤੁਸੀਂ ਚਾਹੁੰਦੇ ਹੋ ਕਿ ਤੁਹਾਡਾ ਬੱਚਾ ਆਪਣੇ ਕੈਰੀਅਰ ਵਿਚ ਚੰਗੀ ਸੰਭਵ ਸ਼ੁਰੂਆਤ ਕਰੇ। ਨੌਜੁਆਨਾਂ ਵਲੋਂ ਸਕੂਲ ਛੱਡਣ ਤੋਂ ਬਾਅਦ ਉਹਨਾਂ ਲਈ ਕਈ ਵਿਕਲਪ ਉਪਲਬਧ ਹਨ ਅਤੇ ਇਸ ਗਾਈਡ ਵਿਚ ਅਸੀਂ ਇੱਕ ਕਾਮਯਾਬ ਕੈਰੀਅਰ ਵਿਚ ਮੁੱਖ ਰਾਹ ਵਜੋਂ ਅਪ੍ਰੈਂਟਿਸਸ਼ਿਪ ਬਾਰੇ ਜਾਣਕਾਰੀ ਅਤੇ ਫ਼ਾਇਦਿਆਂ ਬਾਰੇ ਦੱਸਿਆ ਹੈ।**

**ਅਪ੍ਰੈਂਟਿਸਸ਼ਿਪ ਕੀ ਹੈ? ਸਿਖਲਾਈ ਨਾਲ ਇਹ ਵਾਕਈ ਇੱਕ ਪ੍ਰਮਾਣਕ ਨੌਕਰੀ ਹੈ, ਇਸਦਾ ਮਤਲਬ ਹੈ ਕਿ ਤੁਸੀਂ ਸਿਖਦਿਆਂ ਹੋਇਆ ਵੀ ਕਮਾਈ ਕਰ ਸਕਦੇ ਹੋ ਅਤੇ ਨਾਲ ਹੀ ਰਾਸ਼ਟਰੀ ਤੌਰ 'ਤੇ ਮਾਣਤਾਪ੍ਰਾਪਤ ਯੋਗਤਾ ਵੀ ਹਾਸਿਲ ਕਰਦੇ ਹੋ।**

## ਫ਼ਾਇਦੇ ਕੀ ਹਨ?

ਅਪ੍ਰੈਂਟਿਸਸ਼ਿਪਸ ਹੁਣ ਡਿਗ੍ਰੀ ਪੱਧਰ ਅਤੇ ਅਗਾਂਹ ਲਈ ਉਪਲਬਧ ਹਨ। ਇਸ ਵੇਲੇ 50 ਤੋਂ ਵੱਧ ਰਾਸ਼ਟਰੀ ਯੂਨੀਵਰਸਿਟੀਆਂ ਪੂਰੇ ਸਾਲ ਵਿਚ ਵੱਧ ਦੀ ਪੁਸ਼ਟੀ ਨਾਲ ਅਪ੍ਰੈਂਟਿਸਸ਼ਿਪਸ ਦੀ ਡਿਗ੍ਰੀ ਦੀ ਲੜੀ ਦੀ ਪੇਸ਼ਕਸ਼ ਕਰ ਰਹੀਆਂ ਹਨ।

- ਤਨਖਾਹ ਕਮਾਉਣੀ ਅਤੇ ਭੁਗਤਾਨ ਵਾਲੀ ਛੁੱਟੀ;
- ਤਰੱਕੀ ਦੇ ਬਿਹਤਰੀਨ ਮੌਕੇ, ਭਾਵੇਂ ਹੋਰ ਅਧਿਅਨ ਕਰਨਾ ਹੋਵੇ ਜਾਂ ਕੰਮ ਵਾਲੀ ਥਾਂ ਵਿਚ ਉੱਚੇ ਅਹੁਦਿਆਂ 'ਤੇ ਪਹੁੰਚਣਾ ਹੋਵੇ;
- ਭਵਿੱਖ ਵਿਚਲੀ ਕਮਾਈ ਵਿਚ ਸੰਭਵ ਵਾਧਾ - ਅਪ੍ਰੈਂਟਿਸ (ਸਿਖਾਂਦਰੂ) ਆਪਣੀ ਸਿਖਲਾਈ ਖ਼ਤਮ ਕਰਨ 'ਤੇ ਮਿੱਥੀ ਹੋਈ ਤਨਖਾਹ ਵਿਚ ਵਾਧੇ ਦਾ ਅਨੰਦ ਮਾਣਦੇ ਹਨ ਅਤੇ ਉੱਚੀ ਅਪ੍ਰੈਂਟਿਸਸ਼ਿਪ ਪੂਰੀ ਕਰਨ ਵਾਲੇ ਲੋਕ ਆਪਣੀ ਜ਼ਿੰਦਗੀ ਵਿਚ ਅੰਦਾਜ਼ਨ £150,000 ਦੀ ਵਧੀ ਹੋਈ ਆਮਦਨ ਲੈ ਸਕਦੇ ਹਨ।*

## ਉੱਥੇ ਕਿਹੜੇ ਪੱਧਰ ਹਨ?

ਮੌਜੂਦਾ ਮੁਹਾਰਤਾਂ ਅਤੇ ਯੋਗਤਾਵਾਂ ਨੂੰ ਧਿਆਨ ਵਿਚ ਰੱਖਦਿਆਂ ਅਰਜ਼ੀ ਲਈ ਅਪ੍ਰੈਂਟਿਸਸ਼ਿਪ ਦੇ ਵੱਖ ਵੱਖ ਪੱਧਰ ਹਨ। ਅਪ੍ਰੈਂਟਿਸਸ਼ਿਪ ਦੇ ਇਕੋ ਜਿਹੇ ਵਿਦਿਅਕ ਪੱਧਰ ਹੁੰਦੇ ਹਨ:

| ਨਾਂ | ਪੱਧਰ | ਇਕੋ ਜਿਹੇ ਵਿਦਿਅਕ ਪੱਧਰ |
|---|---|---|
| ਇੰਟਰਮੀਡੀਏਟ | 2 | 5 GCSE ਪਾਸ |
| ਐਡਵਾਂਸਡ | 3 | 2 A ਪੱਧਰ ਪਾਸ |
| ਹਾਇਰ | 4, 5, 6 ਅਤੇ 7 | ਫ਼ਾਉਂਡੇਸ਼ਨ ਡਿਗ੍ਰੀ ਅਤੇ ਵੱਧ |
| ਡਿਗ੍ਰੀ | 6 ਅਤੇ 7 | ਬੈਚਲਰਾ'ਸ ਜਾਂ ਮਾਸਟਰਾ'ਸ ਡਿਗ੍ਰੀ |

ਸਾਰੀਆਂ ਅਪ੍ਰੈਂਟਿਸਸ਼ਿਪਸ ਵਿਚ ਸਨਅੱਤ ਦੇ ਮਾਣਤਾਪ੍ਰਾਪਤ ਮਿਆਰ ਜਾਂ ਯੋਗਤਾਵਾਂ ਲਈ ਨੌਕਰੀ 'ਤੇ ਰਹਿੰਦਿਆਂ ਸਿਖਲਾਈ ਅਤੇ ਨੌਕਰੀ 'ਤੇ ਨਾ ਰਹਿੰਦਿਆਂ ਹੋਇਆਂ ਸਿਖਲਾਈ ਦੇ ਹਿੱਸੇ ਸ਼ਾਮਿਲ ਹੁੰਦੇ ਹਨ। ਕੁਝ ਅਪ੍ਰੈਂਟਿਸਸ਼ਿਪਸ ਵਿਚ ਸਿਖਾਂਦਰੂ ਦੀ ਸਮਰੱਥਾ ਅਤੇ ਉਸ ਦੀ ਨੌਕਰੀ ਦੇ ਕੰਮ ਵਿਚ ਕਾਬਲੀਅਤ ਦੀ ਘੋਖ ਕਰਨ ਲਈ ਪ੍ਰੋਗਰਾਮ ਦੇ ਅਖੀਰ 'ਤੇ ਮੁਲਾਂਕਣ ਕਰਨ ਦੀ ਲੋੜ ਪਏਗੀ।

## ਤੁਸੀਂ ਅਰਜ਼ੀ ਕਿਵੇਂ ਦਿਓ?

ਪੂਰੇ ਇੰਗਲੈਂਡ ਵਿਚ ਕਈ ਕੈਰੀਅਰਾਂ ਅਤੇ ਸਨਅੱਤਾਂ ਵਿਚ ਕਿਸੇ ਵੀ ਸਮੇਂ ਅਪ੍ਰੈਂਟਿਸਸ਼ਿਪ ਦੀਆਂ 28,000 ਤੱਕ ਨੌਕਰੀਆਂ ਔਨਲਾਈਨ ਉਪਲਬਧ ਹੁੰਦੀਆਂ ਹਨ। **gov.uk/apply-apprenticeship** 'ਤੇ ਜਾਓ। ਤੁਸੀਂ ਕੀਵਰਡ (ਨੌਕਰੀ ਦਾ ਕੰਮ, ਕੰਮ-ਧੰਦੇ ਦੀ ਕਿਸਮ ਜਾਂ ਅਪ੍ਰੈਂਟਿਸਸ਼ਿਪ ਦਾ ਪੱਧਰ) ਅਤੇ ਥਾਂ ਰਾਹੀਂ ਪਤਾ ਲਾ ਸਕਦੇ ਹੋ।

ਜਿਵੇਂ ਹੀ ਢੁਕਵੀਂ ਨੌਕਰੀ ਆਉਂਦੀ ਹੈ, ਤੁਹਾਡਾ ਪੁੱਤਰ ਜਾਂ ਧੀ ਬਸ ਵੈਬਸਾਈਟ 'ਤੇ ਰਜਿਸਟਰ ਕਰ ਸਕਦਾ/ਸਕਦੀ ਹੈ ਅਤੇ ਕੰਮ ਲਈ ਅਰਜ਼ੀ ਦੇਣ ਵਾਸਤੇ ਪੜਾਅ-ਦਰ-ਪੜਾਅ ਹਿਦਾਇਤਾਂ ਦੀ ਪਾਲਣਾ ਕਰ ਸਕਦਾ/ਸਕਦੀ ਹੈ।

ਸਾਡੇ YouTube ਚੈਨਲ 'ਤੇ ਅਪ੍ਰੈਂਟਿਸਸ਼ਿਪਸ ਬਾਰੇ ਅਰਜ਼ੀ ਦੇਣ ਬਾਰੇ ਲਾਹੇਵੰਦ ਸੁਝਾਅ ਅਤੇ ਨੁਕਤੇ ਦਿੱਤੇ ਗਏ ਹਨ, ਨਾਲ ਹੀ ਹੋਰ ਵੀਡੀਓ ਹਨ, ਇਹਨਾਂ ਲਈ YouTube 'ਤੇ ਜਾਓ ਅਤੇ apprenticeships/NAS ਸਰਚ ਕਰੋ।

ਜੇ ਉਹ ਅਪ੍ਰੈਂਟਿਸਸ਼ਿਪ ਜਾਂ ਨੌਕਰੀ ਲਈ ਪੂਰੀ ਤਰ੍ਹਾਂ ਤਿਆਰ ਨਹੀਂ ਹੈ, ਤਾਂ ਜੇ ਲੋੜ ਹੈ, ਤਾਂ ਉਹ ਆਪਣੀ ਅੰਗ੍ਰੇਜ਼ੀ ਅਤੇ ਗਣਿਤ ਸੁਧਾਰਣ ਲਈ ਕੰਮ ਦਾ ਵੱਡਮੁੱਲਾ ਅਨੁਭਵ ਅਤੇ ਮੌਕਾ ਹਾਸਿਲ ਕਰਨ ਲਈ ਸਥਾਨਕ ਨੌਕਰੀਦਾਤਾ ਨਾਲ ਸਿਖਲਾਈ ਲੈਣ ਵਾਲਾ/ਵਾਲੀ (ਟ੍ਰੇਨੀਸ਼ਿਪ) ਬਣਨ ਦੀ ਕੋਸ਼ਿਸ਼ ਕਰ ਸਕਦਾ/ਸਕਦੀ ਹੈ। ਹੋਰ ਜਾਣਕਾਰੀ ਜਾਂ ਟ੍ਰੇਨੀਸ਼ਿਪ ਦੇ ਮੌਕਿਆਂ ਲਈ ਅਰਜ਼ੀ ਦੇਣ ਵਾਸਤੇ **gov.uk/find-traineeship** 'ਤੇ ਜਾਓ।

## ਤਨਖਾਹਾਂ

ਸਿਖਾਂਦਰੂਆਂ ਨੂੰ ਘੱਟੋ-ਘੱਟ ਉਜਰਤ ਫ਼ੀ ਘੰਟੇ £3.50 ਦਾ ਭੁਗਤਾਨ ਕੀਤਾ ਜਾਂਦਾ ਹੈ, ਪਰ ਕਈ ਨੌਕਰੀਦਾਤਾ ਇਸ ਨਾਲੋਂ ਵੱਧ ਦਿੰਦੇ ਹਨ। ਇਹ ਸੈਕਟਰ, ਇਲਾਕੇ ਅਤੇ ਅਪ੍ਰੈਂਟਿਸਸ਼ਿਪ ਦੇ ਪੱਧਰ 'ਤੇ ਨਿਰਭਰ ਕਰਦਾ ਹੈ, ਜਿਵੇਂ ਕੁਝ ਉੱਚੀਆਂ ਅਪ੍ਰੈਂਟਿਸਸ਼ਿਪਸ ਲਈ ਹਰ ਹਫ਼ਤੇ £500 ਤੱਕ ਮਿਲਦੇ ਹਨ।

ਵਿਸ਼ੇਸ਼ ਅਪ੍ਰੈਂਟਿਸਸ਼ਿਪ ਦੀਆਂ ਨੌਕਰੀਆਂ ਵਿਚ ਤਨਖਾਹਾਂ ਅਤੇ ਦਾਖ਼ਲ ਹੋਣ ਦੀ ਕਸੌਟੀ ਬਾਰੇ ਹੋਰ ਵੇਰਵਿਆਂ ਲਈ 'ਅਪ੍ਰੈਂਟਿਸਸ਼ਿਪ ਦਾ ਪਤਾ ਲਾਓ' 'ਤੇ ਨੌਕਰੀਆਂ ਵਿਚ ਘੋਖ ਕਰਦਿਆਂ ਪਤਾ ਲਾਇਆ ਜਾ ਸਕਦਾ ਹੈ।

## ਅਪ੍ਰੈਂਟਿਸਸ਼ਿਪ ਲੈਣ ਦੀਆਂ ਸ਼ਰਤਾਂ

ਇੰਗਲੈਂਡ ਵਿਚ ਰਹਿ ਰਹੇ 16 ਸਾਲ ਤੋਂ ਵੱਧ ਉਮਰ ਵਾਲੇ ਕਿਸੇ ਵੀ ਵਿਅਕਤੀ ਲਈ ਅਪ੍ਰੈਂਟਿਸਸ਼ਿਪ ਉਪਲਬਧ ਹਨ। ਸੈਕਟਰ ਅਤੇ ਨੌਕਰੀ ਨੂੰ ਵੇਖਦਿਆਂ ਦਾਖ਼ਲ ਹੋਣ ਦੀਆਂ ਸ਼ਰਤਾਂ ਅਲੱਗ ਅਲੱਗ ਹੁੰਦੀਆਂ ਹਨ।

ਹਾਲੀਆ ਕਾਨੂੰਨ ਲਾਗੂ ਹੋ ਗਿਆ ਹੈ, ਜਿਸ ਵਿਚ ਸਿਖਣ ਵਿਚ ਮੁਸ਼ਕਿਲ ਜਾਂ ਅਸਮਰੱਥ (ਅਪੰਗ) ਲੋਕਾਂ ਲਈ ਅਪ੍ਰੈਂਟਿਸਸ਼ਿਪ ਪੂਰੀ ਕਰਨ ਲਈ ਅੰਗ੍ਰੇਜ਼ੀ ਅਤੇ ਗਣਿਤ ਦੀਆਂ ਘੱਟੋ-ਘੱਟ ਸ਼ਰਤਾਂ ਵਿਚ ਤਬਦੀਲੀ ਕੀਤੀ ਗਈ ਹੈ। ਇਹ ਤਬਦੀਲੀ ਦਾਖ਼ਲਾ ਪੱਧਰ 3 ਯੋਗਤਾ ਲਈ ਇਹਨਾਂ ਸਿਖਾਂਦਰੂਆਂ ਵਾਸਤੇ ਅੰਗ੍ਰੇਜ਼ੀ ਅਤੇ ਗਣਿਤ ਦੀਆਂ ਸ਼ਰਤਾਂ ਘੱਟ ਕਰੇਗੀ।

ਅਸਮਰੱਥ (ਅਪੰਗ) ਲੋਕਾਂ ਨੂੰ ਕੰਮ 'ਤੇ ਰੱਖਣ ਵਾਲਾ ਨੌਕਰੀਦਾਤਾ ਆਮ ਤੌਰ 'ਤੇ ਕਿਸੇ ਵੀ ਬਿਨੈਕਾਰ ਨੂੰ ਇੰਟਰਵਿਊ ਦੀ ਪੇਸ਼ਕਸ਼ ਕਰੇਗਾ, ਜਿਸ ਨੇ ਐਲਾਨ ਕੀਤਾ ਹੈ ਕਿ ਉਸ ਨੂੰ ਅਸਮਰੱਥਾ (ਅਪੰਗਤਾ) ਹੈ ਅਤੇ ਉਹ ਨੌਕਰੀਦਾਤਾ ਵਲੋਂ ਪਰਿਭਾਸ਼ਤ ਕੀਤੀ ਗਈ ਘੱਟੋ-ਘੱਟ ਕਸੌਟੀ ਪੂਰੀ ਕਰਦਾ/ਕਰਦੀ ਹੈ। ਅਸਮਰੱਥਾ (ਅਪੰਗਤਾ) 'ਤੇ ਭਰੋਸੇ ਬਾਰੇ ਹੋਰ ਵੇਰਵਿਆਂ ਲਈ gov.uk 'ਤੇ ਸਰਚ ਕਰੋ।

## ਸਕੂਲ ਛੱਡਣ ਦੀ ਉਮਰ

ਸਰਕਾਰ ਨੇ ਦੱਸਿਆ ਹੈ ਕਿ ਸਾਰੇ ਨੌਜੁਆਨਾਂ ਨੂੰ ਆਪਣੇ ਘੱਟੋ-ਘੱਟ 18ਵੇਂ ਜਨਮ-ਦਿਨ ਤੱਕ ਪੜ੍ਹਾਈ ਜਾਂ ਸਿਖਲਾਈ ਦੇ ਕਿਸੇ ਵੀ ਤਰੀਕੇ ਵਿਚ ਹੀ ਬਣੇ ਰਹਿਣਾ ਚਾਹੀਦਾ ਹੈ। ਇਸਦਾ ਮਤਲਬ ਸਕੂਲ ਵਿਚ ਲਾਜ਼ਮੀ ਤੌਰ 'ਤੇ ਰਹਿਣਾ ਨਹੀਂ ਹੈ, ਨੌਜੁਆਨਾਂ ਕੋਲ ਚੋਣ ਹੁੰਦੀ ਹੈ ਕਿ ਉਹ 16 ਦੀ ਉਮਰ ਤੋਂ ਬਾਅਦ ਪੜ੍ਹਾਈ ਜਾਂ ਸਿਖਲਾਈ ਕਿਵੇਂ ਜਾਰੀ ਰੱਖਣ, ਜੋ ਕਿ ਅਪ੍ਰੈਂਟਿਸਸ਼ਿਪ ਜਾਂ ਟ੍ਰੇਨੀਸ਼ਿਪ ਰਾਹੀਂ ਕੀਤੀ ਜਾ ਸਕਦੀ ਹੈ।

**gov.uk ਤੇ ਅਪ੍ਰੈਂਟਿਸਸ਼ਿਪ ਸਰਚ ਕਰੋ**

*'ਯੂਨੀਵਰਸਿਟੀ ਦੀ ਪੜ੍ਹਾਈ - ਕੀ ਇਹ ਰੋਜ਼ਗਾਰ ਵਿਚ ਜਾਣ ਦਾ ਬਿਹਤਰੀਨ ਤਰੀਕਾ ਹੈ? AAT ਅਤੇ CEBR ਫ਼ਰਵਰੀ 2013

ਤੁਹਾਡੇ ਲਈ ਲਿਆਏ ਹਨ
National Apprenticeship Service
NAS-P-170042 ਫ਼ਰਵਰੀ 2018 - ਮਾਤਾ-ਪਿਤਾ ਲਈ ਤੱਥਸ਼ੀਟ – ਪੰਜਾਬੀ